**GOVERNOR**
**GAVIN NEWSOM**

# ਆਪਣੇ ਅਧਿਕਾਰਾਂ ਨੂੰ ਜਾਣੋ

## ਤੁਹਾਨੂੰ ਦੇਖਣ, ਰਿਕਾਰਡ ਕਰਨ ਅਤੇ ਦਸਤਾਵੇਜ਼ ਬਣਾਉਣ ਦਾ ਅਧਿਕਾਰ ਹੈ। ਸ਼ਾਂਤ ਰਹੋ।

- ਤੁਸੀਂ ਜਨਤਕ ਸਥਾਨਾਂ 'ਤੇ ਹੋਣ ਵਾਲੀਆਂ ਇਮੀਗ੍ਰੇਸ਼ਨ ਗ੍ਰਿਫ਼ਤਾਰੀਆਂ ਨੂੰ ਕਾਨੂੰਨੀ ਤੌਰ 'ਤੇ **ਦੇਖ ਸਕਦੇ ਹੋ, ਰਿਕਾਰਡ ਕਰ ਸਕਦੇ ਹੋ ਅਤੇ ਦਸਤਾਵੇਜ਼ ਬਣਾ ਸਕਦੇ ਹੋ**।
- **ਸ਼ਾਂਤ ਰਹਿਣ** ਨਾਲ ਤੁਹਾਡੀ ਅਤੇ ਹਿਰਾਸਤ ਵਿੱਚ ਲਏ ਜਾ ਰਹੇ ਵਿਅਕਤੀ ਦੀ ਸੁਰੱਖਿਆ ਵਿੱਚ ਮਦਦ ਮਿਲਦੀ ਹੈ। ਫੈਡਰਲ ਏਜੰਟਾਂ 'ਤੇ ਜ਼ਬਾਨੀ ਤੌਰ 'ਤੇ ਹਮਲਾ ਕਰਨਾ ਜਾਂ ਗਲਤ ਇਰਾਦੇ ਨਾਲ ਸਰੀਰਕ ਤੌਰ 'ਤੇ ਉਹਨਾਂ ਨੂੰ ਸੰਪਰਕ ਕਰਨਾ ਸਥਿਤੀ ਨੂੰ ਹੋਰ ਗੰਭੀਰ ਬਣਾ ਸਕਦਾ ਹੈ ਅਤੇ ਹਰ ਕਿਸੇ ਨੂੰ ਜੋਖਮ ਵਿੱਚ ਪਾ ਸਕਦਾ ਹੈ। ਫੈਡਰਲ ਸਰਕਾਰ ਕਿਸੇ ਵੀ ਅਜਿਹੇ ਵਿਅਕਤੀ ਦੇ ਵਿਰੁੱਧ ਅਪਰਾਧਿਕ ਦੋਸ਼ ਲਗਾ ਸਕਦੀ ਹੈ ਜੋ ਕਿਸੇ ਫੈਡਰਲ ਅਧਿਕਾਰੀ ਦੇ ਕੰਮ ਵਿੱਚ **ਦਖਲ ਦਿੰਦਾ ਹੈ ਜਾਂ ਰੁਕਾਵਟ ਪਾਉਂਦਾ ਹੈ**।
- ਭਾਵੇਂ ਤੁਹਾਨੂੰ ਲੱਗਦਾ ਹੈ ਕਿ ਗ੍ਰਿਫ਼ਤਾਰੀ ਗੈਰ-ਕਾਨੂੰਨੀ ਹੈ, ਤੁਹਾਨੂੰ ਵਿਰੋਧ ਨਹੀਂ ਕਰਨਾ ਚਾਹੀਦਾ ਜਾਂ ਸਰੀਰਕ ਤੌਰ 'ਤੇ ਦਖਲ ਨਹੀਂ ਦੇਣਾ ਚਾਹੀਦਾ।ਸ਼ਾਂਤ ਰਹਿ ਕੇ ਅਤੇ ਜ਼ਬਾਨੀ ਤੌਰ 'ਤੇ ਆਪਣੇ ਅਧਿਕਾਰਾਂ ਦਾ ਦਾਅਵਾ ਕਰੋ।

## ਜੇਕਰ ਤੁਸੀਂ ਇਮੀਗ੍ਰੇਸ਼ਨ ਗ੍ਰਿਫ਼ਤਾਰੀ ਦੇਖਦੇ ਹੋ ਤਾਂ ਕੀ ਕਰਨਾ ਹੈ:

| ਤੁਸੀਂ ਕੀ ਕਰ ਸਕਦੇ ਹੋ: | ਤੁਹਾਨੂੰ ਕੀ ਨਹੀਂ ਕਰਨਾ ਚਾਹੀਦਾ: |
|---|---|
| ✅ ਸੁਰੱਖਿਅਤ ਦੂਰੀ ਤੋਂ ਰਿਕਾਰਡ ਕਰੋ। | ❌ ਇਮੀਗ੍ਰੇਸ਼ਨ ਸਥਿਤੀ, ਮੂਲ ਦੇਸ਼, ਜਾਂ ਪਤਾ ਜਾਂ ਨਿਯੋਕਤਾ ਵਰਗੇ ਨਿੱਜੀ ਵੇਰਵਿਆਂ ਬਾਰੇ ਨਾ ਪੁੱਛੋ। |
| ✅ ਜੇਕਰ ਸੁਰੱਖਿਅਤ ਹੋਵੇ ਤਾਂ ਹਿਰਾਸਤ ਵਿੱਚ ਲਏ ਜਾ ਰਹੇ ਵਿਅਕਤੀ ਤੋਂ ਉਸਦਾ ਨਾਮ ਅਤੇ ਸੰਪਰਕ ਜਾਣਕਾਰੀ ਪੁੱਛੋ। | ❌ ਏਜੰਟਾਂ ਦੇ ਨੇੜੇ ਨਾ ਜਾਓ ਜਾਂ ਉਨ੍ਹਾਂ ਦਾ ਸਾਹਮਣਾ ਨਾ ਕਰੋ। ਇਸਨੂੰ ਦਖਲਅੰਦਾਜ਼ੀ ਮੰਨਿਆ ਜਾ ਸਕਦਾ ਹੈ। |
| ✅ ਉਹਨਾਂ ਨੂੰ ਪੁੱਛੋ ਕਿ ਕੀ ਉਹਨਾਂ ਨੂੰ ਘਟਨਾ ਵਾਲੀ ਥਾਂ 'ਤੇ ਛੱਡੀ ਗਈ ਸੰਪੱਤੀ ਦੇ ਸਬੰਧ ਵਿੱਚ ਮਦਦ ਦੀ ਲੋੜ ਹੈ। | ❌ ਗ੍ਰਿਫ਼ਤਾਰੀ ਨੂੰ ਰੋਕਣ ਦੀ ਕੋਸ਼ਿਸ਼ ਨਾ ਕਰੋ। |
| ✅ ਗ੍ਰਿਫ਼ਤਾਰੀ ਤੋਂ ਬਾਅਦ, ਘਟਨਾ ਦੀ ਰਿਪੋਰਟ ਕਰਨ ਅਤੇ ਕੋਈ ਵੀ ਦਸਤਾਵੇਜ਼ ਸਾਂਝਾ ਕਰਨ ਲਈ ਆਪਣੇ ਸਥਾਨਕ ਰੈਪਿਡ ਰਿਸਪਾਂਸ ਨੈੱਟਵਰਕ ਨਾਲ ਸੰਪਰਕ ਕਰੋ। | |

## ਫੈਡਰਲ ਇਮੀਗ੍ਰੇਸ਼ਨ ਏਜੰਟਾਂ ਦੀ ਪਛਾਣ ਕਿਵੇਂ ਕਰੀਏ:

- ਏਜੰਟ ਟੈਕਟੀਕਲ ਗੇਅਰ, ਸਾਦੇ ਕੱਪੜੇ ਜਾਂ ਅਜਿਹੇ ਕੱਪੜੇ ਪਹਿਨ ਸਕਦੇ ਹਨ ਜਿਸ ਨਾਲ ਉਹਨਾਂ ਦਾ ICE, ERO, ਬਾਰਡਰ ਪੈਟਰੋਲ ਜਾਂ ਹੋਰ ਫੈਡਰਲ ਏਜੰਸੀਆਂ ਨਾਲ ਸੰਬੰਧ ਦਾ ਪਤਾ ਲੱਗਦਾ ਹੈ।
- ਉਹ ਆਪਣੇ ਆਪ ਨੂੰ "ਪੁਲਿਸ" ਕਹਿ ਸਕਦੇ ਹਨ, ਪਰ ਉਹ ਫੈਡਰਲ ਅਥਾਰਿਟੀ ਦੇ ਅਧੀਨ ਕੰਮ ਕਰ ਰਹੇ ਹਨ।

# ਅਕਸਰ ਪੁੱਛੇ ਜਾਣ ਵਾਲੇ ਸਵਾਲ:

## *ਲਗਾਤਾਰ ਅੱਪਡੇਟ ਕੀਤਾ ਜਾਣਾ ਹੈ*

### *ਇਮੀਗ੍ਰੇਸ਼ਨ ਗ੍ਰਿਫ਼ਤਾਰੀਆਂ ਦੇ ਗਵਾਹ ਜਾਂ ਰਾਹਗੀਰ ਵਜੋਂ ਮੇਰੇ ਕੀ ਅਧਿਕਾਰ ਹਨ?*

- ਤੁਸੀਂ ਜਨਤਕ ਗ੍ਰਿਫ਼ਤਾਰੀ ਨੂੰ **ਦੇਖ ਸਕਦੇ ਹੋ, ਰਿਕਾਰਡ ਕਰ ਸਕਦੇ ਹੋ ਜਾਂ ਦਸਤਾਵੇਜ਼ ਬਣਾ ਸਕਦੇ ਹੋ**।
- ਇਹ ਘਟਨਾਵਾਂ ਬਹੁਤ ਤਣਾਅਪੂਰਨ ਅਤੇ ਭਾਵਨਾਤਮਕ ਹੋ ਸਕਦੀਆਂ ਹਨ, ਪਰ ਤੁਹਾਡੀ ਅਤੇ **ਹਿਰਾਸਤ ਵਿੱਚ ਲਏ ਜਾ ਰਹੇ** ਵਿਅਕਤੀ ਦੀ ਸੁਰੱਖਿਆ ਲਈ **ਸ਼ਾਂਤੀ ਬਣਾਈ ਰੱਖਣਾ ਅਤੇ ਉਸ ਦਾ ਸਮਰਥਨ ਕਰਨਾ** ਮਹੱਤਵਪੂਰਨ ਹੈ।
- ਜ਼ਬਾਨੀ ਤੌਰ 'ਤੇ ਝਿੜਕਣਾ ਅਤੇ ਫੈਡਰਲ ਏਜੰਟਾਂ ਨਾਲ ਸੰਪਰਕ ਕਰਨਾ **ਤੁਹਾਨੂੰ ਅਤੇ**
- ਹਿਰਾਸਤ ਵਿੱਚ ਲਏ ਗਏ ਵਿਅਕਤੀ ਨੂੰ ਜੋਖਮ ਵਿੱਚ ਪਾ ਸਕਦਾ ਹੈ।ਫੈਡਰਲ ਸਰਕਾਰ ਨੇ ਉਨ੍ਹਾਂ ਵਿਅਕਤੀਆਂ ਦੇ ਵਿਰੁੱਧ ਫੈਡਰਲ ਅਪਰਾਧਿਕ ਦੋਸ਼ਾਂ ਦੀ ਪੈਰਵੀ ਕਰਨ ਲਈ **ਵਚਨਬੱਧਤਾ ਪ੍ਰਗਟਾਈ ਹੈ** ਜੋ ਫੈਡਰਲ ਕਾਨੂੰਨ ਲਾਗੂ ਕਰਨ ਵਾਲੇ ਅਧਿਕਾਰੀਆਂ ਦੇ ਕੰਮ ਵਿੱਚ ਦਖਲ ਦੇ ਸਕਦੇ ਹਨ ਜਾਂ ਰੁਕਾਵਟ ਪਾ ਸਕਦੇ ਹਨ।
- ਭਾਵੇਂ ਤੁਹਾਨੂੰ ਲੱਗਦਾ ਹੈ ਕਿ ਤੁਹਾਡੇ ਅਧਿਕਾਰਾਂ ਦੀ ਉਲੰਘਣਾ ਹੋ ਰਹੀ ਹੈ, **ਫਿਰ ਵੀ ਅਧਿਕਾਰੀ ਨਾਲ ਬਹਿਸ ਨਾ ਕਰੋ, ਉਹਨਾਂ ਦਾ ਵਿਰੋਧ ਨਾ ਕਰੋ ਜਾਂ ਉਹਨਾਂ ਦੇ ਕੰਮ ਵਿੱਚ ਰੁਕਾਵਟ ਨਾ ਪਾਓ।** ਤੁਸੀਂ ਸ਼ਾਂਤ ਅਤੇ ਸਪੱਸ਼ਟ ਢੰਗ ਨਾਲ ਜ਼ਬਾਨੀ ਤੌਰ 'ਤੇ ਆਪਣੇ ਅਧਿਕਾਰਾਂ ਦਾ ਦਾਅਵਾ ਕਰ ਸਕਦੇ ਹੋ।
- **ਹਿੰਸਾ ਕਰਨਾ ਕਦੇ ਵੀ ਹੱਲ ਨਹੀਂ ਹੁੰਦਾ ਹੈ**, ਅਤੇ ਕਿਸੇ ਫੈਡਰਲ ਏਜੰਟ 'ਤੇ ਹਮਲਾ ਕਰਨਾ ਜਾਂ ਗ੍ਰਿਫ਼ਤਾਰੀ ਵਿੱਚ ਰੁਕਾਵਟ ਪਾਉਣਾ ਇੱਕ ਅਪਰਾਧ ਹੈ।
- ਜੇਕਰ ਤੁਹਾਨੂੰ ਲੱਗਦਾ ਹੈ ਕਿ ਤੁਹਾਡੇ ਅਧਿਕਾਰਾਂ ਦੀ ਉਲੰਘਣਾ ਹੋਈ ਹੈ, ਤਾਂ ਤੁਸੀਂ ਯੋਗ ਕਾਨੂੰਨੀ ਸਲਾਹਕਾਰਾਂ ਅਤੇ ਸੰਗਠਨਾਂ ਜਿਵੇਂ ਕਿ ACLU।

### *ਜਦੋਂ ਮੈਂ ਇਮੀਗ੍ਰੇਸ਼ਨ ਗ੍ਰਿਫ਼ਤਾਰੀ ਹੁੰਦੀ ਦੇਖਦਾ/ਦੇਖਦੀ ਹਾਂ ਤਾਂ ਮੈਂ ਕੀ ਕਰ ਸਕਦਾ/ਸਕਦੀ ਹਾਂ?*

- ਤੁਸੀਂ ਸੁਰੱਖਿਅਤ ਦੂਰੀ ਤੋਂ ਸ਼ਾਂਤੀ ਨਾਲ ਗ੍ਰਿਫ਼ਤਾਰੀ ਨੂੰ ਰਿਕਾਰਡ ਕਰ ਸਕਦੇ ਹੋ ਅਤੇ ਹਿਰਾਸਤ ਵਿੱਚ ਲਏ ਗਏ ਵਿਅਕਤੀ ਦਾ ਨਾਮ ਅਤੇ ਕਾਲ ਕਰਨ ਲਈ ਉਸਦਾ ਫ਼ੋਨ ਨੰਬਰ ਪੁੱਛ ਸਕਦੇ ਹੋ।
- ਤੁਸੀਂ ਹਿਰਾਸਤ ਵਿੱਚ ਲਏ ਜਾ ਰਹੇ ਵਿਅਕਤੀ ਨੂੰ ਪੁੱਛ ਸਕਦੇ ਹੋ ਕਿ ਕੀ ਉਸਨੂੰ ਗ੍ਰਿਫ਼ਤਾਰੀ ਵਾਲੀ ਥਾਂ 'ਤੇ ਛੱਡੀ ਗਈ ਨਿੱਜੀ ਸੰਪੱਤੀ ਦੀ ਦੇਖਭਾਲ ਲਈ **ਮਦਦ ਦੀ ਲੋੜ ਹੈ**।
- ਯਾਦ ਰੱਖੋ, **ਸੁਰੱਖਿਅਤ ਦੂਰੀ ਬਣਾਈ ਰੱਖੋ**। ਹੋ ਸਕਦਾ ਹੈ ਕਿ ਫੈਡਰਲ ਏਜੰਟ ਰਿਕਾਰਡਿੰਗ ਦੇ ਤੁਹਾਡੇ ਅਧਿਕਾਰ ਦਾ ਸਤਿਕਾਰ ਨਾ ਕਰਨ ਅਤੇ ਤੁਹਾਡੇ 'ਤੇ ਦਖਲਅੰਦਾਜ਼ੀ ਕਰਨ ਦਾ ਆਰੋਪ ਲਗਾ ਦੇਣ। ਸੁਰੱਖਿਅਤ ਦੂਰੀ ਬਣਾਈ ਰੱਖਣ ਨਾਲ ਤੁਹਾਨੂੰ ਸੁਰੱਖਿਅਤ ਰਹਿਣ ਅਤੇ ਗ੍ਰਿਫ਼ਤਾਰੀ ਦਾ ਦਸਤਾਵੇਜ਼ੀਕਰਨ ਕਰਨ ਵਿੱਚ ਮਦਦ ਮਿਲਦੀ ਹੈ।
- ਗ੍ਰਿਫ਼ਤਾਰੀ ਤੋਂ ਬਾਅਦ, ਤੁਸੀਂ ਘਟਨਾ ਦੀ ਰਿਪੋਰਟ ਕਰਨ ਅਤੇ ਇਸਦੇ ਬਾਰੇ ਜਾਣਕਾਰੀ, ਫ਼ੋਟੋਆਂ ਅਤੇ ਵੀਡੀਓ ਸਾਂਝੇ ਕਰਨ ਲਈ ਸਥਾਨਕ ਰੈਪਿਡ ਰਿਸਪਾਂਸ ਨੈੱਟਵਰਕ ਨਾਲ ਸੰਪਰਕ ਕਰ ਸਕਦੇ ਹੋ। (ਲਿੰਕ ਸ਼ਾਮਲ ਕਰੋ)
- ਜਨਮ ਦਾ ਦੇਸ਼, ਜਨਮ ਮਿਤੀ, ਇਮੀਗ੍ਰੇਸ਼ਨ ਸਥਿਤੀ ਜਾਂ ਇਮੀਗ੍ਰੇਸ਼ਨ ਹਿਸਟਰੀ ਦੇ ਬਾਰੇ **ਨਾ ਪੁੱਛੋ।**
- ਘਰ ਦਾ ਪਤਾ ਜਾਂ ਕੰਮ ਦੀ ਜਗ੍ਹਾ ਬਾਰੇ **ਨਾ ਪੁੱਛੋ।**

### *ਮੈਨੂੰ ਕਿਵੇਂ ਪਤਾ ਲੱਗ ਸਕਦਾ ਹੈ ਕਿ ਇਹ ਫੈਡਰਲ ਏਜੰਟ ਹੀ ਹਨ ਜੋ ਮੈਨੂੰ ਜਾਂ ਮੇਰੇ ਅਜ਼ੀਜ਼ਾਂ ਨੂੰ ਗ੍ਰਿਫ਼ਤਾਰ ਕਰ ਰਹੇ ਹਨ?*

- ਫੈਡਰਲ ਏਜੰਟ ਆਮ ਤੌਰ 'ਤੇ ਵੱਖ-ਵੱਖ ਤਰ੍ਹਾਂ ਦੇ ਕੱਪੜੇ ਅਤੇ ਗੇਅਰ ਪਹਿਨਦੇ ਹਨ ਜਿਨ੍ਹਾਂ ਤੋਂ ਪਤਾ ਲੱਗਦਾ ਹੈ ਕਿ ਉਹ ਕਿਸ ਏਜੰਸੀ ਨਾਲ ਸਬੰਧਿਤ ਹਨ। ਕਈ ਵਾਰ ਉਹ ਸਾਦੇ ਕੱਪੜਿਆਂ ਜਾਂ ਟੈਕਟੀਕਲ ਗੇਅਰ ਵਿੱਚ ਹੋ ਸਕਦੇ ਹਨ। ਉਹ ਆਪਣੀ ਪਛਾਣ ਪੁਲਿਸ ਵਜੋਂ ਵੀ ਕਰਾ ਸਕਦੇ ਹਨ।
- ਫੈਡਰਲ ਏਜੰਟਾਂ ਕੋਲ ਉਨ੍ਹਾਂ ਲੋਕਾਂ ਨੂੰ ਗ੍ਰਿਫ਼ਤਾਰ ਕਰਨ ਦਾ ਕਾਨੂੰਨੀ ਅਧਿਕਾਰ ਹੈ ਜਿਨ੍ਹਾਂ 'ਤੇ ਉਨ੍ਹਾਂ ਨੂੰ ਸ਼ੱਕ ਹੈ ਕਿ ਉਹ ਦੇਸ਼ ਵਿੱਚ ਗੈਰ-ਕਾਨੂੰਨੀ ਤੌਰ 'ਤੇ ਰਹਿ ਰਹੇ ਹਨ। ਭਾਵੇਂ ਤੁਹਾਨੂੰ ਲੱਗਦਾ ਹੈ ਕਿ ਤੁਹਾਡੇ ਅਧਿਕਾਰਾਂ ਦੀ ਉਲੰਘਣਾ ਹੋ ਰਹੀ ਹੈ, ਫਿਰ ਵੀ **ਅਧਿਕਾਰੀ ਨਾਲ ਬਹਿਸ ਨਾ ਕਰੋ, ਉਹਨਾਂ ਦਾ ਵਿਰੋਧ ਨਾ ਕਰੋ ਜਾਂ ਉਹਨਾਂ ਦੇ ਕੰਮ ਵਿੱਚ ਰੁਕਾਵਟ ਨਾ ਪਾਓ**। ਤੁਸੀਂ ਉਨ੍ਹਾਂ ਨੂੰ ਰੋਕ ਨਹੀਂ ਸਕਦੇ, ਭਾਵੇਂ ਤੁਸੀਂ ਕਿਸੇ ਨੂੰ ਹਿਰਾਸਤ ਵਿੱਚ ਲਏ ਜਾਣ 'ਤੇ ਅਸਹਿਮਤ ਹੋ ਜਾਂ ਪਰੇਸ਼ਾਨ ਹੋ।**ਤੁਸੀਂ ਜ਼ਬਾਨੀ ਤੌਰ 'ਤੇ ਆਪਣੇ ਅਧਿਕਾਰਾਂ ਦਾ ਦਾਅਵਾ ਕਰ ਸਕਦੇ ਹੋ।**

ਦਖਲਅੰਦਾਜ਼ੀ ਕਰਨ ਨਾਲ ਤੁਹਾਡੇ ਅਤੇ ਉਸ ਵਿਅਕਤੀ 'ਤੇ ਨਕਾਰਾਤਮਕ ਪ੍ਰਭਾਵ ਪੈਣ ਦੀ ਸੰਭਾਵਨਾ ਵਧ ਸਕਦੀ ਹੈ ਜਿਸਨੂੰ ਉਹ ਇਮੀਗ੍ਰੇਸ਼ਨ ਕਾਰਨਾਂ ਕਰਕੇ ਹਿਰਾਸਤ ਵਿੱਚ ਲੈ ਰਹੇ ਹਨ।

- ਦੇਖੋ: ਗ੍ਰਿਫ਼ਤਾਰੀ ਦੇ ਦੌਰਾਨ ਤੁਹਾਡੇ ਅਧਿਕਾਰਾਂ ਦੇ ਬਾਰੇ ਜਾਣਕਾਰੀ
- ਸ਼ਾਂਤ ਰਹੋ। ਨਾ ਭੱਜੋ, ਨਾ ਵਿਰੋਧ ਕਰੋ ਜਾਂ ਨਾ ਹੀ ਰੁਕਾਵਟ ਪਾਓ। ਇਸ ਨਾਲ ਤੁਹਾਨੂੰ ਨਕਾਰਾਤਮਕ ਨਤੀਜੇ ਭੁਗਤਣੇ ਪੈ ਸਕਦੇ ਹਨ।

→ ਜੇਕਰ ਤੁਹਾਨੂੰ ਲੱਗਦਾ ਹੈ ਕਿ ਕਿਸੇ ਨੂੰ ਅਗਵਾ ਕੀਤਾ ਜਾ ਰਿਹਾ ਹੈ ਅਤੇ ਫੈਡਰਲ ਏਜੰਟਾਂ ਦੁਆਰਾ ਗ੍ਰਿਫ਼ਤਾਰ ਨਹੀਂ ਕੀਤਾ ਜਾ ਰਿਹਾ, **ਤਾਂ ਤੁਹਾਨੂੰ ਸਥਾਨਕ ਪੁਲਿਸ ਨੂੰ ਫ਼ੋਨ ਕਰਨਾ ਚਾਹੀਦਾ ਹੈ।**

## *ਦੁਆਰਾ ਉਸਨੂੰ ਗ੍ਰਿਫ਼ਤਾਰ ਨਹੀਂ ਕੀਤਾ ਜਾ ਰਿਹਾ ਹੈ, ਤਾਂ ਤੁਹਾਨੂੰ ਸਥਾਨਕ ਪੁਲਿਸ ਨੂੰ ਫ਼ੋਨ ਕਰਨਾ ਚਾਹੀਦਾ ਹੈ।ਕੀ ਇਮੀਗ੍ਰੇਸ਼ਨ ਏਜੰਟਾਂ ਨੂੰ ਕਿਸੇ ਨੂੰ ਗ੍ਰਿਫ਼ਤਾਰ ਕਰਨ ਲਈ ਵਾਰੰਟਾਂ ਦੀ ਲੋੜ ਨਹੀਂ ਹੁੰਦੀ ਹੈ?*

→ ਇਮੀਗ੍ਰੇਸ਼ਨ ਏਜੰਟਾਂ ਨੂੰ ਇਮੀਗ੍ਰੇਸ਼ਨ ਉਲੰਘਣਾਵਾਂ ਦੇ ਲਈ ਕਿਸੇ ਵਿਅਕਤੀ ਨੂੰ ਗ੍ਰਿਫ਼ਤਾਰ ਕਰਨ ਲਈ ਜੱਜ ਦੁਆਰਾ ਦਸਤਖਤ ਕੀਤੇ **ਵਾਰੰਟ ਦੀ ਲੋੜ ਨਹੀਂ ਹੁੰਦੀ ਹੈ**। ਹਾਲਾਂਕਿ, ਬਿਨਾਂ ਵਾਰੰਟ ਦੇ ਲੋਕਾਂ ਨੂੰ ਗ੍ਰਿਫ਼ਤਾਰ ਕਰਨ ਲਈ ਉਹਨਾਂ ਨੂੰ ਇੱਕ ਮਿਆਰ ਪੂਰਾ ਕਰਨਾ ਪੈਂਦਾ ਹੈ, ਅਤੇ ਗ੍ਰਿਫ਼ਤਾਰੀ ਕਰਦੇ ਸਮੇਂ ਕਾਨੂੰਨ ਦੀ ਉਲੰਘਣਾ ਕਰਨ ਦੇ ਲਈ ਉਹਨਾਂ ਨੂੰ ਜੱਜ ਦੁਆਰਾ ਜਵਾਬਦੇਹ ਠਹਿਰਾਇਆ ਜਾ ਸਕਦਾ ਹੈ। ਤੁਸੀਂ, ਇੱਕ ਰਾਹਗੀਰ ਦੇ ਤੌਰ 'ਤੇ, **ਦਖਲ ਨਹੀਂ ਦੇ ਸਕਦੇ**ਭਾਵੇਂ ਤੁਹਾਨੂੰ ਲੱਗਦਾ ਹੈ ਕਿ ਇਹ ਗੈਰ-ਕਾਨੂੰਨੀ ਗ੍ਰਿਫ਼ਤਾਰੀ ਹੈ।

- **ਫੈਡਰਲ** ਏਜੰਟਾਂ ਨੂੰ ਰੋਕਣ ਦੀ ਕੋਸ਼ਿਸ਼ ਨਾ ਕਰੋ।
- ਇਸ ਦੀ ਬਜਾਏ, **ਸੁਰੱਖਿਅਤ ਦੂਰੀ ਬਣਾਈ ਰੱਖੋ ਅਤੇ ਜੋ ਕੁਝ ਵਾਪਰਿਆ ਉਸ ਨੂੰ ਦਸਤਾਵੇਜ਼ੀ ਰੂਪ ਦਿਓ**, ਜਿਸ ਨਾਲ ਹਿਰਾਸਤ ਵਿੱਚ ਲਏ ਗਏ ਵਿਅਕਤੀ ਨੂੰ ਉਸਦੇ ਕੇਸ ਨੂੰ ਸੁਲਝਾਉਣ ਵਿੱਚ ਮਦਦ ਮਿਲ ਸਕਦੀ ਹੈ ਅਤੇ ਏਜੰਟਾਂ ਨੂੰ ਕਾਨੂੰਨ ਅਧੀਨ ਜਵਾਬਦੇਹ ਬਣਾਉਣ ਵਿੱਚ ਮਦਦ ਮਿਲ ਸਕਦੀ ਹੈ।
- ਵੀਡੀਓ: ICE ਗ੍ਰਿਫ਼ਤਾਰੀ ਦੀ ਸਹੀ ਤਰੀਕੇ ਨਾਲ ਫਿਲਮ ਬਣਾਉਣਾ ਮਾਇਨੇ ਰੱਖਦਾ ਹੈ

→ **ਇਮੀਗ੍ਰੇਸ਼ਨ ਏਜੰਟਾਂ ਨੂੰ ਨਿੱਜੀ ਸੰਪੱਤੀ 'ਤੇ ਗੈਰ-ਜਨਤਕ ਖੇਤਰਾਂ ਵਿੱਚ ਦਾਖ਼ਲ ਹੋਣ ਜਾਂ ਗੈਰ-ਜਨਤਕ ਖੇਤਰਾਂ ਵਿੱਚ ਸਟੋਰ ਕੀਤੇ ਦਸਤਾਵੇਜ਼ ਪ੍ਰਾਪਤ ਕਰਨ ਲਈ ਜੱਜ ਦੁਆਰਾ ਦਸਤਖਤ ਕੀਤੇ ਵਾਰੰਟ ਦੀ ਲੋੜ ਹੁੰਦੀ ਹੈ।**ਤੁਸੀਂ, ਇੱਕ ਰਾਹਗੀਰ ਦੇ ਤੌਰ 'ਤੇ, **ਦਖਲ ਨਹੀਂ ਦੇ ਸਕਦੇ**ਭਾਵੇਂ ਤੁਹਾਨੂੰ ਲੱਗਦਾ ਹੈ ਕਿ ਇਹ ਗੈਰ-ਕਾਨੂੰਨੀ ਗ੍ਰਿਫ਼ਤਾਰੀ ਜਾਂ ਤਲਾਸ਼ੀ ਹੈ।

- ਇਮੀਗ੍ਰੇਸ਼ਨ ਏਜੰਟ ਕਿਸੇ ਕਾਰੋਬਾਰ ਦੇ ਗੈਰ-ਜਨਤਕ ਖੇਤਰ ਵਿੱਚ ਜੱਜ ਦੁਆਰਾ ਦਸਤਖਤ ਕੀਤੇ ਵਾਰੰਟ ਤੋਂ ਬਿਨਾਂ ਵੀ ਪ੍ਰਵੇਸ਼ ਕਰਨ ਦੀ ਮੰਗ ਕਰ ਸਕਦੇ ਹਨ।
- ਜੇਕਰ ਤੁਸੀਂ ਜਗ੍ਹਾ ਦੇ ਮਾਲਕ ਹੋ ਜਾਂ ਇਸ ਨੂੰ ਕੰਟਰੋਲ ਕਰਦੇ ਹੋ, ਤਾਂ ਤੁਸੀਂ ਕਹਿ ਸਕਦੇ ਹੋ ਕਿ ਇਹ ਗੈਰ-ਜਨਤਕ ਖੇਤਰ ਹੈ ਅਤੇ ਤੁਸੀਂ ਉਨ੍ਹਾਂ ਦੇ ਪ੍ਰਵੇਸ਼ ਲਈ ਸਹਿਮਤੀ ਨਹੀਂ ਦਿੰਦੇ ਹੋ।
- **ਇਮੀਗ੍ਰੇਸ਼ਨ ਏਜੰਟਾਂ ਨੂੰ ਰੋਕਣ ਜਾਂ ਉਹਨਾਂ ਦੇ ਕੰਮ ਵਿੱਚ ਰੁਕਾਵਟ ਪਾਉਣ ਦੀ ਕੋਸ਼ਿਸ਼ ਨਾ ਕਰੋ।** ਇਸ ਨਾਲ ਤੁਹਾਡੀ ਸੁਰੱਖਿਆ ਖਤਰੇ ਵਿੱਚ ਪੈ ਸਕਦੀ ਹੈ।
- ਇਸ ਦੀ ਬਜਾਏ, **ਸੁਰੱਖਿਅਤ ਦੂਰੀ ਤੋਂ ਜੋ ਕੁਝ ਵਾਪਰਿਆ** ਉਸਨੂੰ ਰਿਕਾਰਡ ਕਰੋ।

## *ਕੀ ਬਾਊਂਟੀ ਹੰਟਰ ਗ੍ਰਿਫ਼ਤਾਰੀਆਂ ਕਰਨ ਲਈ ਫੈਡਰਲ ਸਰਕਾਰ ਦੇ ਨਾਲ ਮਿਲ ਕੇ ਕੰਮ ਕਰ ਰਹੇ ਹਨ?*

→ DHS ਨੇ ਜਨਤਕ ਤੌਰ 'ਤੇ ਕਿਹਾ ਹੈ ਕਿ ਫੈਡਰਲ ਸਰਕਾਰ ਇਮੀਗ੍ਰੇਸ਼ਨ ਲਾਗੂ ਕਰਨ ਲਈ ਬਾਊਂਟੀ ਹੰਟਰਾਂ ਦੇ ਨਾਲ ਸਮਝੌਤਾ **ਨਹੀਂ** ਕਰਦੀ ਹੈ।

→ ICE ਇਮੀਗ੍ਰੇਸ਼ਨ ਗ੍ਰਿਫ਼ਤਾਰੀਆਂ ਕਰਨ ਦੇ ਲਈ ਕਈ ਹੋਰ ਫੈਡਰਲ ਸਰਕਾਰੀ ਏਜੰਸੀਆਂ ਨਾਲ ਮਿਲ ਕੇ ਕੰਮ ਕਰ ਰਿਹਾ ਹੈ, ਜਿਸ ਵਿੱਚ ਬਾਰਡਰ ਪੈਟਰੋਲ, ਡਰੱਗ ਇਨਫੋਰਸਮੈਂਟ ਪ੍ਰਸ਼ਾਸਨ, FBI ਆਦਿ ਸ਼ਾਮਲ ਹਨ। ਕਈ ਵਾਰ, ICE ਦੂਜੇ ਰਾਜਾਂ ਤੋਂ ਵੀ ਏਜੰਟ ਲਿਆ ਸਕਦਾ ਹੈ।

→ ਕੈਲੀਫੋਰਨੀਆ ਵਿੱਚ, ਬਾਊਂਟੀ ਹੰਟਰਾਂ ਨੂੰ ਬੇਲ ਫ਼ਿਊਜਿਟਿਵ ਰਿਕਵਰੀ ਏਜੰਟ ਵਜੋਂ ਜਾਣਿਆ ਜਾਂਦਾ ਹੈ। ਉਹਨਾਂ ਨੂੰ ਸਿਖਲਾਈ ਪ੍ਰਾਪਤ, ਲਾਇਸੰਸਸ਼ੁਦਾ ਅਤੇ ਬੀਮਾਯੁਕਤ ਹੋਣਾ ਜ਼ਰੂਰੀ ਹੈ। ਉਹਨਾਂ ਨੂੰ ਜ਼ਮਾਨਤ ਬਾਂਡ ਕੰਪਨੀਆਂ ਦੁਆਰਾ ਉਹਨਾਂ ਮੁਲਜ਼ਮਾਂ ਨੂੰ ਲੱਭਣ ਅਤੇ ਫੜਨ ਲਈ ਨਿਯੁਕਤ ਕੀਤਾ ਜਾਂਦਾ ਹੈ ਜੋ ਜ਼ਮਾਨਤ 'ਤੇ ਰਿਹਾਅ ਹੋਣ ਤੋਂ ਬਾਅਦ

*ਅਪਰਾਧਿਕ ਅਦਾਲਤ ਵਿੱਚ ਪੇਸ਼ ਹੋਣ ਵਿੱਚ ਅਸਫਲ ਰਹੇ ਹਨ।ਜੇ ਇਮੀਗ੍ਰੇਸ਼ਨ ਏਜੰਟ ਮੈਨੂੰ ਹਿਰਾਸਤ ਵਿੱਚ ਲੈਣ ਤਾਂ ਮੈਂ ਕੀ ਕਰਾਂ?*

- ਝੂਠ ਨਾ ਬੋਲੋ ਜਾਂ ਝੂਠੇ ਦਸਤਾਵੇਜ਼ ਨਾ ਦਿਓ।
- ਤੁਹਾਨੂੰ ਇਹ ਕਹਿਣ ਦਾ ਅਧਿਕਾਰ ਹੈ ਕਿ **ਤੁਸੀਂ ਚੁੱਪ ਰਹਿਣਾ ਚਾਹੁੰਦੇ ਹੋ ਅਤੇ ਤੁਰੰਤ ਵਕੀਲ** ਦੀ ਮਦਦ ਲੈਣੀ ਚਾਹੁੰਦੇ ਹੋ। ਤੁਹਾਨੂੰ ਕੋਈ ਸਪੱਸ਼ਟੀਕਰਨ ਦੇਣ ਜਾਂ ਬਹਾਨੇ ਬਣਾਉਣ ਦੀ ਲੋੜ ਨਹੀਂ ਹੈ।
- ਤੁਹਾਨੂੰ ਕੁਝ ਵੀ ਕਹਿਣ ਜਾਂ ਕਿਤੇ ਵੀ ਦਸਤਖਤ ਕਰਨ ਤੋਂ ਪਹਿਲਾਂ ਵਕੀਲ ਨਾਲ ਗੱਲ ਕਰਨ ਦਾ ਅਧਿਕਾਰ ਹੈ।
  - ਜੇਕਰ ICE ਤੁਹਾਨੂੰ ਹਿਰਾਸਤ ਵਿੱਚ ਲੈਂਦਾ ਹੈ, ਤਾਂ ਤੁਹਾਨੂੰ ਵਕੀਲ ਨਾਲ ਸਲਾਹ ਕਰਨ ਦਾ ਅਧਿਕਾਰ ਹੈ, ਪਰ ਇਹ ਜ਼ਰੂਰੀ ਨਹੀਂ ਹੈ ਕਿ ਸਰਕਾਰ ਤੁਹਾਡੇ ਲਈ ਵਕੀਲ ਦੀ ਫੀਸ ਦਾ ਭੁਗਤਾਨ ਕਰੇ। ਤੁਸੀਂ ਮੁਫ਼ਤ ਜਾਂ ਘੱਟ ਕੀਮਤ ਵਾਲੇ ਵਿਕਲਪਾਂ ਦੀ ਸੂਚੀ ਮੰਗ ਸਕਦੇ ਹੋ।
- ਜੇਕਰ ICE ਨੇ ਤੁਹਾਨੂੰ ਹਿਰਾਸਤ ਵਿੱਚ ਲਿਆ ਹੈ, ਤਾਂ ਤੁਹਾਨੂੰ ਆਪਣੇ ਵਣਜਦੂਤ ਨਾਲ ਸੰਪਰਕ ਕਰਨ ਜਾਂ ਕਿਸੇ ਅਧਿਕਾਰੀ ਤੋਂ ਤੁਹਾਡੀ ਹਿਰਾਸਤ ਦੇ ਬਾਰੇ ਵਣਜ ਦੂਤ ਨੂੰ ਸੂਚਿਤ ਕਰਨ ਦਾ ਅਧਿਕਾਰ ਹੈ, ਜਿਸ ਕੋਲ ਤੁਹਾਡੇ ਕਾਨੂੰਨੀ ਅਧਿਕਾਰਾਂ ਦਾ ਸਮਰਥਨ

*ਕਰਨ ਲਈ ਸੁਰੱਖਿਆ ਸੇਵਾਵਾਂ ਹੋ ਸਕਦੀਆਂ ਹਨ।ਮੈਂ ਇਮੀਗ੍ਰੇਸ਼ਨ ਗ੍ਰਿਫ਼ਤਾਰੀਆਂ ਤੋਂ ਪ੍ਰਭਾਵਿਤ ਕੈਲੀਫੋਰਨੀਆ ਵਾਸੀਆਂ ਦੀ ਹੋਰ ਕਿਵੇਂ ਮਦਦ ਕਰ ਸਕਦਾ/ਸਕਦੀ ਹਾਂ?*

- ਤੁਸੀਂ ਉਹਨਾਂ **ਸਥਾਨਕ ਸੰਗਠਨਾਂ** ਦਾ ਸਮਰਥਨ ਕਰ ਸਕਦੇ ਹੋ ਜੋ ਹਿਰਾਸਤ ਵਿੱਚ ਲਏ ਗਏ ਵਿਅਕਤੀਆਂ ਨੂੰ ਇਮੀਗ੍ਰੇਸ਼ਨ ਕਾਨੂੰਨੀ ਸੇਵਾਵਾਂ ਪ੍ਰਦਾਨ ਕਰਦੇ ਹਨ ਅਤੇ ਨਾਲ ਹੀ ਉਹਨਾਂ ਸੰਗਠਨਾਂ ਦਾ ਵੀ ਸਮਰਥਨ ਕਰ ਸਕਦੇ ਹੋ ਜੋ **ਹਿਰਾਸਤ ਅਤੇ ਦੇਸ਼ ਨਿਕਾਲੇ ਤੋਂ ਪ੍ਰਭਾਵਿਤ ਪਰਿਵਾਰਾਂ ਦਾ ਸਮਰਥਨ ਕਰਦੇ ਹਨ।**
  - ਇੱਥੇ ਜਾਓ: *www.immigrationlawhelp.org/*

---

## ਤਿਆਰ ਰਹੋ।

- ਜੇਕਰ ਤੁਹਾਨੂੰ ਗ੍ਰਿਫ਼ਤਾਰ ਕੀਤਾ ਜਾਂਦਾ ਹੈ ਤਾਂ ਆਪਣੇ ਆਪ ਨੂੰ ਅਤੇ ਆਪਣੇ ਪਰਿਵਾਰ ਨੂੰ ਤਿਆਰ ਰੱਖੋ। ਆਪਣੇ ਪਰਿਵਾਰ ਅਤੇ ਆਪਣੇ ਵਕੀਲ ਦੇ ਫ਼ੋਨ ਨੰਬਰ ਯਾਦ ਰੱਖੋ। ਜੇਕਰ ਤੁਹਾਡੇ ਬੱਚੇ ਹਨ ਜਾਂ ਤੁਸੀਂ ਦਵਾਈ ਲੈ ਰਹੇ ਹੋ ਤਾਂ ਐਮਰਜੈਂਸੀ ਯੋਜਨਾਵਾਂ ਬਣਾਓ।
- ਆਪਣੇ ਇਮੀਗ੍ਰੇਸ਼ਨ ਦਸਤਾਵੇਜ਼ਾਂ ਦੀ ਇੱਕ ਕਾਪੀ ਕਿਸੇ ਅਜਿਹੇ ਵਿਅਕਤੀ ਕੋਲ ਰੱਖੋ ਜਿਸ 'ਤੇ ਤੁਸੀਂ ਭਰੋਸਾ ਕਰਦੇ ਹੋ।
- ਜੇਕਰ ਤੁਹਾਡੇ ਕੋਲ ਇਮੀਗ੍ਰੇਸ਼ਨ ਹੈ, ਤਾਂ ਆਪਣਾ ਇਮੀਗ੍ਰੇਸ਼ਨ ਨੰਬਰ ("A" ਨੰਬਰ) ਯਾਦ ਰੱਖੋ ਅਤੇ ਇਸਨੂੰ ਆਪਣੇ ਪਰਿਵਾਰ ਨੂੰ ਦੇ ਦਿਓ। ਇਮੀਗ੍ਰੇਸ਼ਨ ਅਧਿਕਾਰੀਆਂ ਦੁਆਰਾ ਗੈਰ-ਨਾਗਰਿਕ ਪ੍ਰਵਾਸੀਆਂ ਨੂੰ ਇੱਕ A ਨੰਬਰ ਪ੍ਰਦਾਨ ਕੀਤਾ ਜਾਂਦਾ ਹੈ। ਇਹ ਪਰਿਵਾਰ ਦੇ ਮੈਂਬਰਾਂ ਨੂੰ *ਤੁਹਾਨੂੰ ਲੱਭਣਵਿੱਚ ਮਦਦ ਕਰੇਗਾ।*
- ਜੇਕਰ ਤੁਹਾਨੂੰ ਗ੍ਰਿਫ਼ਤਾਰ ਹੋਣ ਦੇ ਬਾਰੇ ਚਿੰਤਾ ਹੈਤਾਂ ਕਿਸੇ ਇਮੀਗ੍ਰੇਸ਼ਨ ਵਕੀਲ ਨਾਲ ਸਲਾਹ ਕਰੋਅਤੇ ਦਸਤਖਤ ਕੀਤਾ G-28 ਫਾਰਮ

## ਕੰਮ ਵਾਲੀ ਥਾਂ 'ਤੇ ਇਮੀਗ੍ਰੇਸ਼ਨ ਗ੍ਰਿਫ਼ਤਾਰੀਆਂ ਸੰਬੰਧੀ ਜਾਣਕਾਰੀ ਲਈ, ਵਧੇਰੇ ਜਾਣਕਾਰੀ ਇੱਥੇ ਉਪਲਬਧ ਹੈ:

- *ਕੈਲੀਫੋਰਨੀਆ ਲੇਬਰ ਕਮਿਸ਼ਨਰ ਅਤੇ ਕੈਲੀਫੋਰਨੀਆ ਅਟਾਰਨੀ ਜਨਰਲ ਵੱਲੋਂ ਨਿਯੋਕਤਾ ਲਈ ਸੰਯੁਕਤ ਮਾਰਗਦਰਸ਼ਨ*
- *ਛੋਟੇ ਕਾਰੋਬਾਰਾਂ ਲਈ ਜਾਣਕਾਰੀ*, ਜੂਨ ਦਾ ਵੈਬਿਨਾਰ ਵੇਖੋ: ਛੋਟੇ ਕਾਰੋਬਾਰਾਂ ਲਈ ਇਮੀਗ੍ਰੇਸ਼ਨ ਨਿਯਮਾਂ ਦੀ ਪਾਲਣਾ

---